# BUDHA DAL PUBLIC SCHOOL PATIALA
## Second Term Examination (7 December 2024)
**Class - X**
**Paper - Punjabi (Set - A)**

**Time: 3 hrs.** **MM: 80**

**ਆਮ ਨਿਰਦੇਸ਼:**

1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚੋਂ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ। ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।
2. ਬਹੁ-ਵਿਕਲਪੀ ਪ੍ਰਸ਼ਨਾਂ ਦਾ ਉੱਤਰ ਲਿਖਦੇ ਹੋਏ ਵਿਕਲਪ ਨੰਬਰ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।
3. ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਦਰਜ਼ ਕੀਤਾ ਜਾਵੇ।

**ਭਾਗ-ੳ (ਪੜ੍ਹਨ-ਕੌਸ਼ਲ)**

**1) ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:** (6×1=6)

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਿੱਖ ਧਰਮ, ਸਿੱਖ ਇਤਿਹਾਸ ਅਤੇ ਕਈ ਹੋਰ ਖੇਤਰਾਂ ਵਿੱਚ ਵਡਮੁੱਲਾ ਯੋਗਦਾਨ ਹੈ। ਆਪ ਨੇ 1588 ਈ. ਵਿੱਚ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਮੁਸਲਮਾਨ ਫ਼ਕੀਰ ਸਾਂਈ ਮੀਆਂ ਮੀਰ ਤੋਂ ਰਖਵਾਈ। ਲੋਕਾਂ ਨੂੰ ਸਾਂਝਾ ਧਰਮ ਅਸਥਾਨ ਤੇ ਇਸ਼ਨਾਨ ਕਰਨ ਲਈ ਸਰੋਵਰ ਬਣਵਾਇਆ। ਅੰਮ੍ਰਿਤਸਰ ਵਿੱਚ ਹੀ ਸੰਤੋਖਸਰ ਤੇ ਰਾਮਸਰ ਹੋਰ ਦੋ ਸਰੋਵਰ ਬਣਵਾਏ। ਉਸ ਜ਼ਮਾਨੇ ਵਿੱਚ ਸਰੋਵਰ ਦਾ ਬਹੁਤ ਮਹੱਤਵ ਸੀ। ਇਸ਼ਨਾਨ ਕਰਨ ਲਈ ਦਰਿਆ ਜਾਂ ਸਰੋਵਰ ਹੀ ਹੁੰਦੇ ਸਨ। ਗੁਰੂ ਸਾਹਿਬ ਨੇ ਤਰਨਤਾਰਨ ਨਗਰ ਵੀ ਵਸਾਇਆ ਤਰਨਤਾਰਨ ਦਾ ਸਰੋਵਰ ਆਕਾਰ ਦੇ ਪੱਖ ਤੋਂ ਕਾਫ਼ੀ ਵੱਡਾ ਹੈ। ਗੁਰੂ ਜੀ ਨੇ ਲੋਕ ਭਲਾਈ ਦੇ ਬਹੁਤ ਸਾਰੇ ਕੰਮ ਕੀਤੇ। ਸਿੱਖੀ ਦੇ ਪ੍ਰਚਾਰ ਲਈ ਧਰਮ ਅਸਥਾਨ ਉਸਾਰੇ। ਲਾਹੌਰ ਵਿੱਚ ਬਾਉਲੀ ਬਣਾਈ। ਤਰਨਤਾਰਨ ਵਿੱਚ ਯਤੀਮਾਂ ਤੇ ਕੋਹੜੀਆਂ ਲਈ ਹਸਪਤਾਲ ਖੋਲ੍ਹਿਆ। ਦਸਵੰਧ ਦੀ ਪ੍ਰਥਾ ਵੀ ਆਰੰਭ ਕੀਤੀ। ਇਸ ਤੋਂ ਇਲਾਵਾ ਕਾਬਲ, ਕੰਧਾਰ ਤੇ ਢਾਕੇ ਤੱਕ ਵਪਾਰ ਦਾ ਕੰਮ ਵੀ ਸ਼ੁਰੂ ਕੀਤਾ।

ੳ) ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਕਿਸ ਤੋਂ ਰਖਵਾਈ?
1) ਭਾਈ ਗੁਰਦਾਸ ਜੀ ਤੋਂ 2) ਬਾਬਾ ਬੁੱਢਾ ਜੀ ਤੋਂ 3) ਸਾਂਈ ਮੀਆਂ ਮੀਰ ਤੋਂ 4) ਬਾਬਾ ਫ਼ਰੀਦ ਤੋਂ

ਅ) ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੀ ਨੀਂਹ ਕਦੋਂ ਰਖਵਾਈ?
1) 1588 ਈਸਵੀ 2) 1590 ਈਸਵੀ 3) 1578 ਈਸਵੀ 4) 1580 ਈਸਵੀ

ੲ) ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲਾਹੌਰ ਵਿੱਚ ਕੀ ਬਣਾਇਆ?
1) ਸਰੋਵਰ 2) ਬਾਉਲੀ 3) ਮਹੱਲ 4) ਘਰ

ਸ) ਦਸਵੰਧ ਦੀ ਪ੍ਰਥਾ ਕਿਸ ਗੁਰੂ ਸਾਹਿਬ ਨੇ ਆਰੰਭ ਕੀਤੀ?
1) ਸ੍ਰੀ ਗੁਰੂ ਅਮਰਦਾਸ ਜੀ 2) ਸ੍ਰੀ ਗੁਰੂ ਰਾਮਦਾਸ ਜੀ
3) ਸ੍ਰੀ ਗੁਰੂ ਅਰਜਨ ਦੇਵ ਜੀ 4) ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਹ) ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵਪਾਰ ਦਾ ਕੰਮ ਕਾਬਲ ਕੰਧਾਰ ਤੋਂ ਲੈ ਕੇ ਕਿਹੜੇ ਸ਼ਹਿਰ ਤੱਕ ਚਾਲੂ ਕੀਤਾ?
1) ਮੁੰਬਈ ਤੱਕ 2) ਕੋਲਕਾਤਾ ਤੱਕ 3) ਚੇਨੱਈ ਤੱਕ 4) ਢਾਕੇ ਤੱਕ

ਕ) ਕਿਹੜੇ ਗੁਰਦੁਆਰਾ ਸਾਹਿਬ ਦਾ ਸਰੋਵਰ ਸਭ ਤੋਂ ਵੱਡਾ ਹੈ?
1) ਅੰਮ੍ਰਿਤਸਰ ਸਾਹਿਬ 2) ਤਰਨਤਾਰਨ 3) ਬਾਬਾ ਬੁੱਢਾ ਜੀ 4) ਦੁੱਖ ਨਿਵਾਰਨ ਸਾਹਿਬ

**2) ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।** (1×4=4)

ਹਰ ਚਿਹਰੇ 'ਤੇ ਖ਼ੁਸ਼ੀਆਂ ਚੜ੍ਹੀਆਂ,
ਸਾਉਣ ਦੀਆਂ ਲੱਗੀਆਂ ਨੇ ਝੜੀਆਂ।
ਹਰਿਆਲੀ ਹਰ ਪਾਸੇ ਛਾਈ,
ਮੀਂਹ ਨੇ ਸਭ ਦੀ ਪਿਆਸ ਬੁਝਾਈ।
ਪੀਂਘਾਂ ਝੂਟਣ ਰਾਂਝੇ ਹੀਰਾਂ,

A-1

ਪੱਕਣ ਪੂੜੇ ਤੇ ਰਿੱਝਣ ਖੀਰਾਂ।
ਕੁੜੀਆਂ ਰਲ ਮਿਲ ਗਿੱਧਾ ਪਾਇਆ,
ਸਾਉਣ ਮਹੀਨਾ ਖੂਬ ਮਨਾਇਆ।

ੳ) ਇਸ ਕਾਵਿ-ਟੁਕੜੀ ਵਿੱਚ 'ਹੀਰਾਂ' ਕਿਸ ਨੂੰ ਆਖਿਆ ਗਿਆ ਹੈ ਤੇ ਉਹ ਕਿਹੜੇ ਕੰਮਾਂ ਵਿੱਚ ਰੁਝੀਆਂ ਹੋਈਆਂ ਹਨ?
ਅ) ਸਾਉਣ ਮਹੀਨੇ ਕੁੜੀਆਂ ਕਿਹੜਾ ਤਿਉਹਾਰ ਮਨਾਉਂਦੀਆਂ ਹਨ?
ੲ) ਝੜੀ ਦੇ ਕੀ ਅਰਥ ਹਨ?
ਸ) ਉਪਰੋਕਤ ਕਾਵਿ-ਟੁਕੜੀ ਵਿੱਚ ਕਿਹੜੇ ਮਹੀਨੇ ਦੀ ਗੱਲ ਕੀਤੀ ਗਈ ਹੈ?

## ਭਾਗ - ਅ (ਵਿਆਕਰਨ)

**3) ਸਮਾਸੀ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਹੇਠ ਲਿਖਿਆਂ ਵਿੱਚੋਂ ਸਮਾਨਾਰਥੀ ਸ਼ਬਦਾਂ ਵਾਲਾ ਸਮਾਸੀ ਸ਼ਬਦ ਚੁਣੋ:
1) ਗ਼ਰੀਬ-ਮਾਰ 2) ਇੱਜ਼ਤ-ਮਾਣ 3) ਸੰਤ-ਸਿਪਾਹੀ 4) ਸਿਰ-ਪੈਰ

ਅ) ਹੇਠ ਲਿਖੇ ਸਮਾਸੀ ਸ਼ਬਦ ਵਿੱਚੋਂ ਵਿਰੋਧਾਰਥਕ ਸਮਾਸੀ ਸ਼ਬਦ ਚੁਣੋ:
1) ਘੋੜ-ਸਵਾਰ 2) ਹੱਕ-ਹਲਾਲ 3) ਗੁੱਗਾ-ਨੌਵੀਂ 4) ਉੱਤਰ-ਦੱਖਣ

ੲ) ਲੋਕ-ਸਭਾ ਸਮਾਸੀ ਸ਼ਬਦ ਦਾ ਸਹੀ ਸ਼ਬਦ ਸਮੂਹ ਕਿਹੜਾ ਹੈ?
1) ਲੋਕ ਅਤੇ ਸਭਾ 2) ਲੋਕਾਂ ਦੀ ਸਭਾ 3) ਲੋਕ ਸਭਾ 4) ਲੋਕਾਂ ਵਿਚਲੀ ਸਭਾ

**4) ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਬੂਟਾ ਅਜੇ ਦੋ ਫੁੱਟ ਵੀ ਨਹੀਂ ਸੀ ਹੋਇਆ ਕਿ ਉਸਦੇ ਪੱਤੇ ਫੁੱਟ ਪਏ। ਰਵੀ ਬੂਟੇ ਦੇ ਪੱਤੇ ਵੇਖਕੇ ਖੁਸ਼ ਸੀ ਪਰ ਘਰ ਦੀ ਫੁੱਟ ਕਾਰਨ ਚੁੱਪ ਸੀ। ਮੈਂ ਉਸਨੂੰ ਕਿਹਾ ਕਿ ਮੂੰਹੋਂ ਕੁਝ ਤਾਂ ਫੁੱਟ ਪਰ ਉਹ ਫੁੱਟ-ਫੁੱਟ ਕੇ ਰੋਣ ਲੱਗ ਪਿਆ।
ਇਸ ਵਾਕ ਵਿੱਚ ਕਿਹੜਾ ਐਸਾ ਸ਼ਬਦ ਹੈ ਜਿਸਦੇ ਇੱਕ ਤੋਂ ਵਧੇਰੇ ਅਰਥ ਨਿਕਲਦੇ ਹਨ?
1) ਬੂਟੇ 2) ਚੁੱਪ 3) ਪੱਤੇ 4) ਫੁੱਟ

ਅ) ਕਿਹੜਾ ਸ਼ਬਦ 'ਕੱਚਾ' ਸ਼ਬਦ ਦਾ ਬਹੁ-ਅਰਥਕ ਨਹੀਂ ਹੈ?
1) ਘਬਰਾਹਟ 2) ਸ਼ਰਮਿੰਦਾ 3) ਨਵਾਂ 4) ਅਣਪੱਕਿਆ

ੲ) 'ਸਿੱਟਾ' ਸ਼ਬਦ ਦੇ ਬਹੁ-ਅਰਥਕ ਸ਼ਬਦ ਚੁਣੋ:
1) ਸਰ, ਨਕਲ 2) ਨਿਚੋੜ, ਨਤੀਜਾ 3) ਸੰਖੇਪ, ਸੰਘ 4) ਸਤ, ਸੰਘ

**5) ਕਿਰਿਆ-ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਹੇਠ ਲਿਖਿਆਂ ਵਿੱਚੋਂ ਗਿਣਤੀ-ਵਾਚਕ ਕਿਰਿਆ-ਵਿਸ਼ੇਸ਼ਣ ਚੁਣੋ:
1) ਘੱਟ, ਰਤਾ ਕੁ, ਥੋੜ੍ਹਾ 2) ਵੇਲੇ, ਕੁਵੇਲੇ, ਸਮੇਂ ਸਿਰ 3) ਹੌਲੀ-ਹੌਲੀ 4) ਇੰਞ, ਉਂਞ

ਅ) ਕਿਰਿਆ-ਵਿਸ਼ੇਸ਼ਣ ਕਿੰਨੀ ਪ੍ਰਕਾਰ ਦੇ ਹੁੰਦੇ ਹਨ?
1) ਦੋ 2) ਪੰਜ 3) ਅੱਠ 4) ਗਿਆਰਾਂ

ੲ) ਜਿਨ੍ਹਾਂ ਕਿਰਿਆ-ਵਿਸ਼ੇਸ਼ਣਾਂ ਤੋਂ ਕਿਰਿਆ ਦੇ ਕੰਮ ਹੋਣ ਦੇ ਢੰਗਾਂ ਦਾ ਪਤਾ ਲੱਗੇ, ਉਨ੍ਹਾਂ ਨੂੰ ਕੀ ਕਿਹਾ ਜਾਂਦਾ ਹੈ?
1) ਸੰਖਿਆ-ਵਾਚਕ ਕਿਰਿਆ ਵਿਸ਼ੇਸ਼ਣ 2) ਕਾਲ-ਵਾਚਕ ਕਿਰਿਆ-ਵਿਸ਼ੇਸ਼ਣ
3) ਪ੍ਰਕਾਰ-ਵਾਚਕ ਕਿਰਿਆ ਵਿਸ਼ੇਸ਼ਣ 4) ਕਾਰਨ-ਵਾਚਕ ਕਿਰਿਆ-ਵਿਸ਼ੇਸ਼ਣ

**6) ਅਗੇਤਰ-ਪਿਛੇਤਰ (ਪੁੱਛੇ ਗਏ ਅਨੁਸਾਰ ਹੱਲ ਕਰੋ):** (1+1=2)

ੳ) ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਅਗੇਤਰ ਨੂੰ ਵਰਤ ਕੇ ਦੋ - ਦੋ ਸ਼ਬਦ ਬਣਾਓ:
ਗੁਰ, ਬਾ

ਅ) ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਪਿਛੇਤਰ ਨੂੰ ਵਰਤ ਕੇ ਦੋ - ਦੋ ਸ਼ਬਦ ਬਣਾਓ:
ਆਚਾਰ, ਹਾਰ

7) ਮੁਹਾਵਰੇ : ਹੇਠ ਲਿਖਿਆਂ ਵਿੱਚੋਂ ਕਿਸੇ ਚਾਰ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਸਪੱਸ਼ਟ ਹੋ ਜਾਣ: (4×1=4)

ਚਿੜੀ ਨਾ ਫੜਕਣੀ, ਛੱਕੇ ਛੁਡਾ ਦੇਣੇ, ਜ਼ਬਾਨ ਦੇਣੀ, ਝਾੜ-ਝੰਬ ਕਰਨੀ, ਚਿਹਰਾ ਉੱਤਰ ਜਾਣਾ, ਜੰਗਲ ਵਿੱਚ ਮੰਗਲ ਹੋਣਾ

## ਭਾਗ-ੲ (ਪ੍ਰਭਾਵਸ਼ਾਲੀ ਲਿਖਣ ਕੌਸ਼ਲ)

9) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ 'ਇੱਕ' ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਅਧਾਰ ਤੇ 200 ਸ਼ਬਦਾਂ ਦਾ ਲੇਖ ਲਿਖੋ: (8)

**ਵਾਦੜੀਆਂ ਸਜਾਦੜੀਆਂ ਨਿਭਨ ਸਿਰਾਂ ਦੇ ਨਾਲ**

ਨੁਕਤੇ – ਜਾਣ-ਪਛਾਣ, ਮਨੁੱਖ ਆਦਤਾਂ ਦਾ ਗੁਲਾਮ, ਆਦਤਾਂ ਅਤੇ ਆਚਰਨ, ਆਦਤਾਂ ਬੂਟਿਆਂ ਵਾਂਗ ਹੁੰਦੀਆਂ ਹਨ, ਆਦਤਾਂ ਦਾ ਮੁੱਢ, ਆਦਤਾਂ ਸਥਿਰ ਹੁੰਦੀਆਂ ਹਨ, ਵਰਤਮਾਨ ਯੁੱਗ ਅਤੇ ਆਦਤਾਂ, ਚੰਗੀਆਂ ਆਦਤਾਂ, ਸਿੱਟਾ।

**ਜਾਂ**

**ਜੇ ਮੈਂ ਪ੍ਰਧਾਨਮੰਤਰੀ ਹੁੰਦਾ**

ਨੁਕਤੇ – ਜਾਣ-ਪਛਾਣ, ਅੰਦਰੂਨੀ ਸਮੱਸਿਆਵਾਂ, ਰਿਸ਼ਵਤਖੋਰੀ, ਪ੍ਰਦੂਸ਼ਣ 'ਤੇ ਰੋਕ, ਵਿੱਦਿਆ ਮੁਫ਼ਤ, ਦੇਸ਼ ਦੀ ਰਾਖੀ ਕਰਦਾ, ਮੁਫ਼ਤ ਸਿਹਤ ਸਹੂਲਤਾਂ, ਸਿੱਟਾ।

**ਜਾਂ**

**ਮਹਿੰਗਾਈ ਦੀ ਸਮੱਸਿਆ**

ਨੁਕਤੇ – ਜਾਣ-ਪਛਾਣ, ਮਹਿੰਗਾਈ ਦੇ ਕਾਰਨ, ਵਧ ਰਹੀ ਅਬਾਦੀ, ਮਨੁੱਖੀ ਲੋੜਾਂ ਵਿੱਚ ਵਾਧਾ, ਵਸਤਾਂ ਦੇ ਉਤਪਾਦਨ ਵਿੱਚ ਸਵੈ-ਨਿਰਭਰਤਾ ਦਾ ਨਾ ਹੋਣਾ, ਕੁਦਰਤੀ ਕਰੋਪੀਆਂ, ਕਾਲਾ ਧੰਨ ਤੇ ਜਮ੍ਹਾਂਖੋਰੀ, ਨਿੱਜੀਕਰਨ, ਮਹਿੰਗਾਈ ਦਾ ਜਨ-ਜੀਵਨ 'ਤੇ ਅਸਰ, ਮਹਿੰਗਾਈ ਨੂੰ ਰੋਕਣ ਦੇ ਉਪਾਅ, ਸਿੱਟਾ।

9) ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ ਕੋਈ ਇੱਕ ਪੱਤਰ ਲਿਖੋ। (1×6=6)

ਤੁਹਾਡੇ ਇਲਾਕੇ ਵਿੱਚ ਡੇਂਗੂ ਫੈਲ ਗਿਆ ਹੈ। ਸਿਵਲ-ਸਰਜਨ ਨੂੰ ਰੋਕਥਾਮ ਲਈ ਪੱਤਰ ਲਿਖੋ।

ਨੁਕਤੇ: ਸਿਵਲ ਸਰਜਨ, ਡੇਂਗੂ ਦੀ ਮਾਰ, ਇਲਾਕੇ ਦਾ ਜ਼ਿਕਰ, ਸਿਵਲ ਸਰਜਨ ਨੂੰ, ਧੰਨਵਾਦ।

**ਜਾਂ**

ਤੁਹਾਡਾ ਮਿੱਤਰ ਲੰਮੀ ਬਿਮਾਰੀ ਕਾਰਨ ਨਿਰ ਉਤਸਾਹਿਤ ਹੋ ਗਿਆ ਹੈ। ਉਸਨੂੰ ਹੌਂਸਲਾ ਦੇ ਕੇ ਉਤਸਾਹਿਤ ਕਰੋ।

ਨੁਕਤੇ: ਮਿੱਤਰ ਨੂੰ ਪੱਤਰ, ਲੰਮੀ ਬਿਮਾਰੀ, ਮਾਨਸਕ ਤੌਰ 'ਤੇ ਪਰੇਸ਼ਾਨ ਹੋਣਾ, ਹੌਂਸਲਾ ਦੇਣਾ, ਪੇਪਰਾਂ ਦਾ ਫ਼ਿਕਰ ਨਾ ਕਰਨ ਬਾਰੇ, ਚੰਗੀਆਂ ਕਿਤਾਬਾਂ ਪੜ੍ਹਿਆ ਕਰ।

10) ਹੇਠ ਲਿਖੇ ਚਿੱਤਰ ਨੂੰ ਦੇਖ ਕੇ ਉਸਦਾ ਵਰਨਣ 50 ਤੋਂ 60 ਸ਼ਬਦਾਂ ਵਿੱਚ ਲਿਖੋ। (4)




A-3

## ਭਾਗ-ਸ (ਪਾਠ ਪੁਸਤਕਾਂ ਤੇ ਅਧਾਰਤ)

**11) ਕਹਾਣੀ ਅਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ):(5×1=5)**

ੳ) ਸਰੀਰਿਕ ਸਮੱਸਿਆਵਾਂ ਦਾ ਹੱਲ ਕਿਸ ਵਿੱਚ ਹੈ?

1) ਡਾਕਟਰੀ ਇਲਾਜ ਵਿੱਚ 2) ਤੁਰਨ ਵਿੱਚ 3) ਕਸਰਤ ਵਿੱਚ 4) ਘੱਟ ਖਾਣ ਵਿੱਚ

ਅ) ਬਾਬਿਆਂ ਦੀ ਇੱਕ ਭੈਣ ਕਿਸ ਪਿੰਡ ਵਿਆਹੀ ਹੋਈ ਸੀ?

1) ਪਿੰਡ ਛਾਪੇ 2) ਪਿੰਡ ਡਾਂਡੋਕੇ 3) ਪਿੰਡ ਚੜਿੱਕ 4) ਪਿੰਡ ਆਧੇ

ੲ) ਮਾਨ ਸਿੰਘ ਕਿੱਤੇ ਵੱਜੋਂ ਕੀ ਸੀ?

1) ਵਪਾਰੀ 2) ਫ਼ੌਜੀ 3) ਕਲਰਕ 4) ਅਧਿਆਪਕ

ਸ) ਲੇਖਕ ਹੋਰਾਂ ਦੇ ਇੱਕ ਘਰ ਵਿੱਚ ਕਿਸ ਦਰਖ਼ਤ ਦੀ ਲਟੈਣ ਚੜ੍ਹੀ ਹੋਈ ਸੀ?

1) ਟਾਹਲੀ ਦੀ 2) ਕਿੱਕਰ ਦੀ 3) ਨਿੰਮ ਦੀ 4) ਸ਼ਤੂਤ ਦੀ

ਹ) ਮਾਝੇ ਦੇ ਪਿੰਡਾਂ ਦੁਆਲੇ ਥਾਂ-ਥਾਂ ਕੀ ਬਣਿਆ ਹੋਇਆ ਸੀ?

1) ਸਰਾਵਾਂ 2) ਹੋਟਲ 3) ਦੁਕਾਨਾਂ 4) ਮੜ੍ਹੀਆਂ ਤੇ ਸਮਾਧਾਂ

ਕ) ਦੂਸਰੇ ਸ਼ਹਿਰਾਂ ਦੀਆਂ ਕਿਹੜੀਆਂ ਥਾਂਵਾਂ ਤੁਹਾਨੂੰ ਯਾਦ ਰਹਿੰਦੀਆਂ ਹਨ?

1) ਜਿੱਥੇ ਤੁਸੀਂ ਆਪ ਗਏ ਹੋ 2) ਜਿਨ੍ਹਾਂ ਨੇ ਤੁਹਾਨੂੰ ਆਕਰਸ਼ਿਤ ਕੀਤਾ ਹੈ

3) ਜਿਹੜੀਆਂ ਤੁਸੀਂ ਤੁਰ ਕੇ ਦੇਖੀਆਂ ਹਨ 4) ਜਿਹੜੀਆਂ ਸਾਡੇ ਸੱਭਿਆਚਾਰ ਨਾਲ ਸੰਬੰਧਿਤ ਹੈ

**12) ਕਵਿਤਾ ਅਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ):(5×1=5)**

ੳ) 'ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ' ਵਿੱਚ ਸਰਕਾਰ ਸ਼ਬਦ ਕਿਸ ਲਈ ਵਰਤਿਆ ਗਿਆ ਹੈ?

1) ਅੰਗਰੇਜ਼ਾ ਲਈ 2) ਪੰਜਾਬੀਆਂ ਲਈ 3) ਮਹਾਰਾਜਾ ਰਣਜੀਤ ਸਿੰਘ ਲਈ 4) ਬਹਾਦਰਾਂ ਲਈ

ਅ) 'ਸਤਿਗੁਰ ਨਾਨਕ ਪ੍ਰਗਟਿਆ' ਕਿਸ ਦੀ ਰਚਨਾ ਹੈ?

1) ਭਾਈ ਗੁਰਦਾਸ ਜੀ ਦੀ 2) ਸ੍ਰੀ ਗੁਰੂ ਨਾਨਕ ਦੇਵ ਜੀ ਦੀ

3) ਸ੍ਰੀ ਗੁਰੂ ਅਰਜਨ ਦੇਵ ਜੀ ਦੀ 4) ਸ੍ਰੀ ਗੁਰੂ ਅਮਰਦਾਸ ਜੀ ਦੀ

ੲ) 'ਦੂਜਾ ਵਿਆਹ' ਇਕਾਂਗੀ ਵਿੱਚ ਕਿਸ੍ਹ ਨੇ ਮਨਜੀਤ ਨੂੰ ਆਪਣੇ ਪਤੀ ਦਾ ਨਾਂ ਲੈਣ ਤੋਂ ਰੋਕਿਆ?

1) ਗੁਰਦਿੱਤ ਨੇ 2) ਸੁਖਦੇਵ ਕੌਰ ਨੇ 3) ਨਿਹਾਲ ਕੌਰ ਨੇ 4) ਸੁਖਰਾਜ ਨੇ

ਸ) ਮਨਜੀਤ ਕੌਰ ਆਪਣੀ ਸੱਸ ਨਿਹਾਲ ਕੌਰ ਤੋਂ ਆਉਣ ਵਾਲੇ ਪਰਾਹੁਣੇ ਲਈ ਕਿਹੜੀ ਚੀਜ਼ ਬਣਾਉਣ ਦੀ ਆਗਿਆ ਮੰਗਦੀ ਹੈ?

1) ਖੀਰ 2) ਪੰਜੀਰੀ 3) ਕੋਈ ਮਿੱਠੀ ਚੀਜ਼ 4) ਪਕਾਉੜੇ

ਹ) 'ਜੰਗ ਦਾ ਹਾਲ' ਵਿੱਚ ਕਿਹੜੀ ਥਾਂ ਦੀ ਲੜਾਈ ਦਾ ਜ਼ਿਕਰ ਹੈ?

1) ਫਰਾਂਸ ਸ਼ਹਿਰ ਦੀ 2) ਫਿਲੌਰ ਸ਼ਹਿਰ ਦੀ 3) ਬੈਰਮ ਸ਼ਹਿਰ ਦੀ 4) ਫੇਰੂ ਸ਼ਹਿਰ ਦੀ

ਕ) 'ਦੂਜਾ ਵਿਆਹ' ਇਕਾਂਗੀ ਵਿੱਚ ਨਿਹਾਲ ਕੌਰ ਚੱਟਣੀ ਲਈ ਪੁਦੀਨਾ ਤੋੜਨ ਕਿੱਥੇ ਜਾਂਦੀ ਹੈ?

1) ਖੇਤ ਵਿੱਚ 2) ਕਿਆਰੀ ਵਿੱਚ 3) ਹਵੇਲੀ ਵਿੱਚ 4) ਕੋਠੇ ਤੇ

**13) ਕਹਾਣੀ ਅਤੇ ਵਾਰਤਕ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ): (4×1=4)**

ੳ) ਮਾਨ ਸਿੰਘ ਦੇ ਰੋਟੀ ਖਾਣ ਵੇਲੇ ਉਸਨੂੰ ਪੱਖਾ ਕੌਣ ਝੱਲ ਰਿਹਾ ਸੀ?

ਅ) ਕਿੱਕਰ ਦੀ ਗੇਲੀ ਆਪਣੇ ਘਰ ਕੌਣ ਲੈ ਕੇ ਆਇਆ ਸੀ?

ੲ) ਕਰਮ ਸਿੰਘ ਦਾ ਪਿੰਡ ਕਿਹੜਾ ਸੀ?

ਸ) ਕਿਸ ਉਮਰ ਵਿੱਚ ਤੁਰਨਾ ਚੰਗਾ ਹੁੰਦਾ ਹੈ?

ਹ) ਬਾਬਿਆਂ ਦੀ ਭੈਣ ਨੇ ਕਿਸ ਵਸਤੂ ਨੂੰ ਚੁੱਕ ਕੇ ਖ਼ੋਲੇ 'ਚ ਸੁੱਟਿਆ ਸੀ?

14) **ਕਹਾਣੀ ਵਾਰਤਕ ਅਤੇ ਇਕਾਂਗੀ ਵਿੱਚੋਂ** **(7×2=14)**

**(ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ):**

ੳ) ਨਿਹਾਲ ਕੌਰ ਅਨੁਸਾਰ ਮਨਜੀਤ ਨੂੰ ਉਸਦੇ ਸਹੁਰੇ ਨੇ ਕਿਹੜੀ ਖੁੱਲ੍ਹ ਦੇ ਕੇ ਸਿਰੇ ਚੜ੍ਹਾ ਰੱਖਿਆ ਹੈ?

ਅ) ਕਰਮ ਸਿੰਘ ਦੇ ਬਾਪੂ ਨੇ ਮਾਨ ਸਿੰਘ ਤੋਂ ਕਿਹੜੀ ਗੱਲ ਛੁਪਾਈ ਤੇ ਕਿਉਂ?

ੲ) ਪੈਦਲ ਤੁਰਨਾ ਮਨੁੱਖੀ ਸਰੀਰ ਲਈ ਕਿਵੇਂ ਲਾਭਦਾਇਕ ਹੈ?

ਸ) ਛਾਪੇ ਪਿੰਡ ਵਾਲਿਆਂ ਨੇ ਲੇਖਕ ਦੇ ਵਡੇਰਿਆਂ ਤੋਂ ਨਾਤਾ ਕਿਉਂ ਤੋੜ ਲਿਆ?

ਹ) ਸੁਖਦੇਵ ਕੌਰ ਦੀ ਚਿੱਠੀ ਵਿੱਚ ਕੀ ਲਿਖਿਆ ਸੀ?

ਕ) ਮਾਨ ਸਿੰਘ ਨੇ ਕਰਮ ਸਿੰਘ ਦੇ ਬਾਪੂ ਨੂੰ ਧਰਤੀ ਹੇਠਲਾ ਬਲਦ ਕਿਉਂ ਕਿਹਾ?

ਖ) ਬਾਬੇ ਪੂੰਨੂੰ ਤੇ ਭਲਵਾਨ ਵਿਚਕਾਰ ਹੋਈ ਕੁਸ਼ਤੀ ਦਾ ਵਰਣਨ ਕਰੋ।

ਗ) ਮਨੁੱਖ ਦੀਆਂ ਸਰੀਰਕ ਸਮੱਸਿਆਵਾਂ ਕਿਉਂ ਵਧ ਗਈਆਂ ਹਨ ਅਤੇ ਇਹਨਾਂ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ?

15) **ਕਵਿਤਾ ਅਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਲਿਖੋ)** **(2×4=8)**

ੳ) 'ਸਤਿਗੁਰ ਨਾਨਕ ਪ੍ਰਗਟਿਆ' ਨਾਂ ਦੀ ਰਚਨਾ ਦੇ ਵਿਸ਼ੇ ਵਸਤੂ ਬਾਰੇ ਜਾਣਕਾਰੀ ਦਿਓ।

**ਜਾਂ**

'ਜੰਗ ਦਾ ਹਾਲ' ਰਚਨਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

ਅ) 'ਤੁਰਨ ਬਾਰੇ' ਕਿਸੇ ਸਿਆਣੇ ਦੇ ਕੀ ਵਿਚਾਰ ਹਨ?

**ਜਾਂ**

ਲੇਖਕ ਦੇ ਬਾਬਿਆਂ ਦੀਆਂ ਭੈਣਾਂ ਵੀ ਬਾਬਿਆਂ ਵਾਂਗ ਤਾਕਤਵਰ ਸਨ, ਬਿਆਨ ਕਰੋ।

16) **ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਲਿਖੋ)** **(1×4=4)**

ੳ) ਮਨਜੀਤ ਕੌਰ ਦਾ ਪਾਤਰ ਚਿਤਰਨ ਕਰੋ।

ਅ) 'ਦੂਜਾ ਵਿਆਹ' ਇਕਾਂਗੀ ਦੇ ਵਿਸ਼ੇ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ।